# ਇੱਕ ਪੰਥ, ਇੱਕ ਮੁੱਠ 1984 ਦੀ ਯਾਦ ’ਚ

ਟਰਾਂਟੋ (ਅਸਕਤੂਬਰ 6-2009) 1984 ਦੀਆਂ ਦਰਦਨਾਕ ਘਟਨਾਵਾਂ ਨੂੰ ਯਾਦ ਕਰਦਿਆਂ ਫਿਲਮਾਂ, ਸਾਖਿਆਤਿ ਅਦਾਕਾਰੀ ਅਤੇ ਦਰਦਮਈ ਸਾਕੇ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਰਾਹੀਂ ਆਓ ਇੱਕ ਮੁੱਠ ਹੋਈਏ। ਇਹ ਯਾਦਗਾਰੀ ਅਤੇ ਪ੍ਰਤੀਬਿੰਬ ਸਮਾਰੋਹ 15 ਨਵੰਬਰ ਦਿਨ ਐਤਵਾਰ ਨੂੰ (ਨਵੇਂ) ਚਾਂਦਨੀ ਕਨਵੈਨਸ਼ਨ ਸੈਂਟਰ, ਬਰੈਂਪਟਨ ਵਿਖੇ ਅਯੋਜਿਤ ਕੀਤਾ ਜਾ ਰਿਹਾ ਹੈ। " ਇੱਕ ਪੰਥ, ਇੱਕ ਮੁੱਠ 1984 ਦੀ ਯਾਦ ’ਚ" ਸਮਾਰੋਹ ਦਰਮਿਆਨ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਦੀਆਂ ਝਲਕੀਆਂ ਤੋਂ ਇਲਾਵਾ ਚਾਹ ਪਾਣੀ ਆਦਿ ਦਾ ਇੰਤਜਾਮ ਕੀਤਾ ਜਾਵੇਗਾ। ਇਸ ਸਮਾਰੋਹ ਦਾ ਦਾਖਲਾ ਮੁਫਤ ਹੋਵੇਗਾ।

1984 ਵਿੱਚ, ਇਕ ਪਲ ਲਈ ਸੰਸਾਰ ਭਰ ਦੇ ਸਿੱਖ ਇੱਕ ਮੁੱਠ ਹੋ ਗਏ ਸਨ, ਉਸ ਵੇਲੇ, ਅਸੀਂ ਇਸ ਪੱਖੋਂ ਬੇਪ੍ਰਵਾਹ ਸੀ, ਕਿ ਅਸੀਂ ਕਿਸ ਧੜੇ, ਜਾਤ, ਪੜਾਈ ਦਰਜੇ, ਉਮਰ ਵਰਗ, ਗਰੀਬੀ ਅਮੀਰੀ ਜਾਂ ਰਾਜਨੀਤਕ ਪਾਰਟੀ ਨਾਲ ਜੁੜੇ ਹੋਏ ਹਾਂ। ਅਸੀਂ ਉਸ ਵੇਲੇ ਆਪਣੇ ਵਖਰੇਵੇਂ ਪਾਸੇ ਰੱਖ ਕੇ ਇਕੱਠੇ ਸੀ। ਹੁਣ ਫਿਰ ਸਮ੍ਹਾਂ ਆ ਗਿਆ ਹੈ ਕਿ ਅਸੀਂ ਆਪਣੇ ਵਖਰੇਵੇਂ ਭੁੱਲ ਕੇ ਇਕੱਠੇ ਹੋ ਜਾਈਏ।

ਬੱਸ ਇੱਕ ਪਲ ਲਈ! ਸਿਰਫ ਯਾਦ ਰੱਖੀਏ ਕਿ ਅਸੀਂ "ਇੱਕ ਪੰਥ" ਹਾਂ।

| | |
|---|---|
| ਸਮਾਰੋਹ | ਇੱਕ ਪੰਥ; ਇਕੱਠੇ ਹੋ ਕੇ 1984 ਦੀ ਯਾਦ ’ਚ |
| ਕਦੋਂ | ਐਤਵਾਰ, ਨਵੰਬਰ 15, 2009 , ਬਾਅਦ ਦੁਪਹਿਰ 2 ਵਜੇ |
| ਕਿਥੇ: | ਚਾਂਦਨੀ ਕੰਨਵੈਂਸ਼ਨ ਸੈਂਟਰ (ਨਵਾਂ)<br>5 Gateway Drive, Brampton, ON. |

ਹੋਰ ਜਾਣਕਾਰੀ ਲਈ ਵੈਬਸਾਈਟ ਵੇਖੋ
For more information visit:
www.onepanth.com
or
email: onepanth@gmail.com